## ਸਕੂਲ ਪੱਧਰ

1. **ਨੌਵੀਂ ਅਤੇ ਦਸਵੀਂ** ਕਲਾਸ ਦੇ ਸਾਰੇ ਵਿਦਿਆਰਥੀਆਂ ਦਾ Quiz Competition ਵਿੱਚ ਭਾਗ ਲੈਣਾ ਜਰੂਰੀ ਹੈ।
2. ਸਾਰੇ ਸਕੂਲਾਂ ਨੂੰ Quiz Competition ਲਈ ਸਾਫਟਵੇਅਰ(Quiz Master) ਦਿੱਤਾ ਜਾਵੇਗਾ, ਜੋ ਕਿ www.ssapunjab.org ਤੋਂ ਡਾਊਨਲੋਡ ਕੀਤਾ ਜਾ ਸਕੇਗਾ।
3. ਇਹ ਸਾਫਟਵੇਅਰ ਪਹਿਲਾਂ ਕੇਵਲ ਸਕੂਲ ਪੱਧਰ ਲਈ ਦਿੱਤਾ ਜਾਵੇਗਾ, ਜਿਸ ਵਿੱਚ ਵਿਦਿਆਰਥੀਆਂ ਲਈ ਪ੍ਰਸ਼ਨਾਵਲੀ ਸਾਫਟਵੇਅਰ ਦੇ ਵਿੱਚ ਹੀ ਦਿੱਤੀ ਜਾਵੇਗੀ।
4. ਸਕੂਲ ਪੱਧਰ ਤੇ ਇਹ Quiz Competition 25 ਮਿੰਟ ਦਾ ਹੋਵੇਗਾ ਜਿਸ ਵਿੱਚ 35 ਬਹੁ-ਪਸੰਦੀ ਪ੍ਰਸ਼ਨ (MCQ's)ਦਾ ਉੱਤਰ ਦੇਣਾ ਹੋਵੇਗਾ।
5. ਇਹ ਸਾਰੇ ਪ੍ਰਸ਼ਨ 6ਵੀਂ ਤੋਂ 9ਵੀਂ/10ਵੀਂ ਕਲਾਸ ਦੇ ਪੱਧਰ ਦੇ ਕੰਪਿਊਟਰ ਵਿਸ਼ੇ ਦੇ ਹੋਣਗੇ।
6. ਇਸ ਟੈਸਟ ਵਿੱਚ ਕਲਾਸ ਦੇ ਦੋ ਵਿਦਿਆਰਥੀ, ਜੋ ਨੰਬਰਾਂ ਮੁਤਾਬਿਕ ਪਹਿਲੇ ਅਤੇ ਦੂਸਰੇ ਸਥਾਨ ਤੇ ਆਉਣਗੇ, ਦੀ ਸਿਲੈਕਸ਼ਨ Block Level ਲਈ ਕੀਤੀ ਜਾਵੇਗੀ।

**ਨੋਟ:**

1. ਇਸ ਸਾਫਟਵੇਅਰ ਨੂੰ ਸਾਰੇ ਕੰਪਿਊਟਰਾਂ ਉੱਤੇ ਵੀ ਇੰਸਟਾਲ ਕੀਤਾ ਸਕਦਾ ਹੈ। ਇਸ ਹਾਲਤ ਵਿੱਚ ਹਰ ਕੰਪਿਊਟਰ ਦਾ ਰਿਜ਼ਲਟ ਵੱਖਰਾ-ਵੱਖਰਾ ਬਣੇਗਾ। ਇਹਨਾਂ ਰਿਜ਼ਲਟਸ ਵਿੱਚੋਂ ਆਪਣੇ ਪੱਧਰ ਤੇ ਪਹਿਲਾ ਅਤੇ ਦੂਸਰਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀ ਦੀ ਚੋਣ ਕਰੋ।
2. ਜੇਕਰ ਦੋ ਜਾਂ ਦੋ ਤੋਂ ਵੱਧ ਵਿਦਿਆਰਥੀਆਂ ਦੇ ਅੰਕ ਬਰਾਬਰ ਹੋਣ ਤਾਂ ਉਹਨਾਂ ਵਿੱਚੋਂ ਟੈਸਟ ਲਈ ਘੱਟ ਸਮਾਂ ਲੈਣ ਵਾਲਾ ਵਿਦਿਆਰਥੀ ਪਹਿਲੀ ਪੁਜ਼ੀਸ਼ਨ ਦਾ ਹੱਕਦਾਰ ਹੋਵੇਗਾ।
3. ਜੇਕਰ ਦੋ ਜਾਂ ਦੋ ਤੋਂ ਵੱਧ ਵਿਦਿਆਰਥੀਆਂ ਦੇ ਅੰਕ ਬਰਾਬਰ ਹੋਣ ਤਾਂ ਉਹ ਦੋਵੇਂ ਵਿਦਿਆਰਥੀ ਉਸ ਪੋਜ਼ੀਸ਼ਨ ਦੇ ਹੱਕਦਾਰ ਹੋਣਗੇ।

**ਨੱਥੀ: ਸਕੂਲ ਲੇਵਲ ਲਈ ਸਾਫਟਵੇਅਰ ਦੀ ਇੰਸਟਾੱਲੇਸ਼ਨ ਅਤੇ ਵਰਤੋਂ ਲਈ ਹਦਾਇਤਾਂ।**

## ਬਲਾਕ ਪੱਧਰ

1. ਪੰਜਾਬ ਦੇ ਸਾਰੇ ਸਕੂਲਾਂ ਵਿੱਚੋਂ 9ਵੀ ਅਤੇ 10ਵੀਂ ਕਲਾਸ ਦੇ ਚੁਣੇ ਗਏ 2-2 ਵਿਦਿਆਰਥੀ ਬਲਾਕ ਪੱਧਰ ਤੇ ਟੈਸਟ ਦੇਣਗੇ।
2. ਬਲਾਕ ਪੱਧਰ ਲਈ ਬਲਾਕ ਦੇ ਸਕੂਲਾਂ ਨੂੰ ਨਵਾਂ ਸਾਫਟਵੇਅਰ (Block Level Quiz Master) ਦਿੱਤਾ ਜਾਵੇਗਾ, ਜੋ ਕਿ ssapunjab.org ਤੋਂ ਡਾਊਨਲੋਡ ਕੀਤਾ ਜਾ ਸਕੇਗਾ।
3. ਬਲਾਕ ਪੱਧਰ ਦੇ ਟੈਸਟ ਵਿੱਚ ਵਿਦਿਆਰਥੀਆਂ ਲਈ 20 ਮਿੰਟਾਂ ਵਿੱਚ 30 ਬਹੁ-ਪਸੰਦੀ ਪ੍ਰਸ਼ਨ (MCQ's) ਅਤੇ ਵੱਖਰੇ 10 ਮਿੰਟ ਅੰਗਰੇਜ਼ੀ ਟਾਇਪਿੰਗ ਲਈ ਦਿੱਤੇ ਜਾਣਗੇ ਜੋ ਕਿ ਸਾਫਟਵੇਅਰ ਵਿੱਚ ਹੀ ਹੋਵੇਗੀ।
4. ਬਲਾਕ ਪੱਧਰ ਦੇ ਟੈਸਟ ਲਈ ਪ੍ਰਸ਼ਨਾਵਲੀ (Questionnaire) DGSE ਦਫਤਰ ਵੱਲੋਂ ਮੌਕੇ ਤੇ ਦਿੱਤੀ ਜਾਵੇਗੀ ਜੋਕਿ ਸਾਫਟਵੇਅਰ ਤੇ ਲੱਗੇ ਬਟਨ "Check Question" ਤੇ ਕਲਿੱਕ ਕਰਕੇ ਸਿੱਧੇ ਸਾਫਟਵੇਅਰ ਵਿੱਚ ਹੀ ਡਾਊਨਲੋਡ ਕੀਤੀ ਜਾ ਸਕੇਗੀ।
5. ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਤੋਂ ਬਾਅਦ ਸਾਫਟਵੇਅਰ ਵਿੱਚ ਲੱਗੇ ਬਟਨ " Show Result" ਤੇ ਕਲਿੱਕ ਕਰਕੇ ਰਿਜ਼ਲਟ ਦੇਖਿਆ ਜਾ ਸਕਦਾ ਹੈ ਅਤੇ ਹੇਠਾਂ ਦਿੱਤੇ " Upload " ਬਟਨ ਤੇ ਕਲਿੱਕ ਕਰਕੇ ਰਿਜ਼ਲਟ ਨੂੰ www.ssapunjab.org ਦੇ ਸਰਵਰ ਤੇ ਅਪਲੋਡ ਕੀਤਾ ਜਾਵੇਗਾ ਅਤੇ ਮੁੱਖ ਦਫਤਰ ਵੱਲੋ ਨਤੀਜਾ ਵੈਬਸਾਈਟ ਤੇ ਅਪਡੇਟ ਕੀਤਾ ਜਾਵੇਗਾ।
6. ਸਾਰੇ ਬਲਾਕ ਆਪਣਾ ਰਿਜ਼ਲਟ ਟੈਸਟ ਵਾਲੇ ਦਿਨ ਟੈਸਟ ਲੈਣ ਤੋਂ ਬਾਅਦ ਅਪਲੋਡ ਕਰਨਗੇ।
7. ਬਲਾਕ ਪੱਧਰ ਦੇ ਟੈਸਟ ਲਈ ਸਕੂਲ ਲੈਬਜ਼ ਦਾ ਚੁਨਾਵ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਪੱਧਰ ਤੇ ਕਰਣਗੇ।

ਨੋਟ:

1. ਈ-ਲੈਬ ਦੇ ਇੱਕ ਹੀ ਸੀ.ਪੀ.ਯੂ.(ਸਰਵਰ) ਉੱਪਰ ਇਹ ਸਾਫਟਵੇਅਰ ਇੰਸਟਾੱਲ ਕੀਤਾ ਜਾਵੇ ਜਿਸ ਉੱਪਰ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
2. ਪ੍ਰਸ਼ਨਾਵਲੀ ਡਾਊਨਲੋਡ ਅਤੇ ਰਿਜ਼ਲਟ ਅਪਲੋਡ ਕਰਨ ਵੇਲੇ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।

3. ਧਿਆਨ ਦੇਣ ਯੋਗ ਗੱਲ ਹੈ ਕਿ ਅਪਲੋਡ ਬਟਨ ਤੇ ਇੱਕੋ ਵਾਰੀ ਹੀ ਕਲਿੱਕ ਕੀਤਾ ਜਾ ਸਕਦਾ ਹੈ।ਇਸ ਲਈ ਹਦਾਇਤ ਕੀਤੀ ਜਾਂਦੀ ਹੈ ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਉਪਰੰਤ ਹੀ ਅਪਲੋਡ ਬਟਨ ਤੇ ਕਲਿੱਕ ਕੀਤਾ ਜਾਵੇਗਾ।

## ਜ਼ਿਲ੍ਹਾ ਪੱਧਰ

1. ਪੰਜਾਬ ਦੇ ਸਾਰੇ ਬਲਾਕ ਵਿੱਚੋਂ 9ਵੀ ਅਤੇ 10ਵੀਂ ਕਲਾਸ ਦੇ ਚੁਣੇ ਗਏ 2-2 ਵਿਦਿਆਰਥੀ ਜ਼ਿਲ੍ਹਾ ਪੱਧਰ ਤੇ ਟੈਸਟ ਦੇਣਗੇ।
2. ਜ਼ਿਲ੍ਹਾ ਪੱਧਰ ਲਈ ਵੀ ਨਵਾਂ ਸਾਫਟਵੇਅਰ (District Level Quiz Master) ਦਿੱਤਾ ਜਾਵੇਗਾ।
3. ਜ਼ਿਲ੍ਹਾ ਪੱਧਰ ਦੇ ਟੈਸਟ ਵਿੱਚ ਵਿਦਿਆਰਥੀਆਂ ਲਈ 15 ਮਿੰਟਾਂ ਵਿੱਚ 30 ਬਹੁ-ਪਸੰਦੀ ਪ੍ਰਸ਼ਨ (MCQ's) ਅਤੇ ਵੱਖਰੇ 10 ਮਿੰਟ ਪੰਜਾਬੀ ਟਾਇਪਿੰਗ(ਅਨਮੋਲ ਲਿਪੀ) ਲਈ ਦਿੱਤੇ ਜਾਣਗੇ ਜੋ ਕਿ ਸਾਫਟਵੇਅਰ ਵਿੱਚ ਹੀ ਹੋਵੇਗੀ।
4. ਜ਼ਿਲ੍ਹਾ ਪੱਧਰ ਦੇ ਟੈਸਟ ਲਈ ਪ੍ਰਸ਼ਨਾਵਲੀ (Questionnaire) DGSE ਦਫਤਰ ਵੱਲੋਂ ਮੌਕੇ ਤੇ ਦਿੱਤੀ ਜਾਵੇਗੀ ਜੋਕਿ ਸਾਫਟਵੇਅਰ ਤੇ ਲੱਗੇ ਬਟਨ "Check Question" ਤੇ ਕਲਿੱਕ ਕਰਕੇ ਸਿੱਧੇ ਸਾਫਟਵੇਅਰ ਵਿੱਚ ਹੀ ਡਾਊਨਲੋਡ ਕੀਤੀ ਜਾ ਸਕੇਗੀ।
5. ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਤੋਂ ਬਾਅਦ ਸਾਫਟਵੇਅਰ ਵਿੱਚ ਲੱਗੇ ਬਟਨ " Show Result" ਤੇ ਕਲਿੱਕ ਕਰਕੇ ਰਿਜ਼ਲਟ ਦੇਖਿਆ ਜਾ ਸਕਦਾ ਹੈ ਅਤੇ ਹੇਠਾਂ ਦਿੱਤੇ " Upload " ਬਟਨ ਤੇ ਕਲਿੱਕ ਕਰਕੇ ਰਿਜ਼ਲਟ ਨੂੰ www.ssapunjab.org ਦੇ ਸਰਵਰ ਤੇ ਅਪਲੋਡ ਕੀਤਾ ਜਾਵੇਗਾ।
6. ਸਾਰੇ ਜ਼ਿਲ੍ਹੇ ਆਪਣਾ ਰਿਜ਼ਲਟ ਟੈਸਟ ਵਾਲੇ ਦਿਨ ਟੈਸਟ ਲੈਣ ਤੋਂ ਬਾਅਦ ਅਪਲੋਡ ਕਰਨਗੇ।
7. ਜ਼ਿਲ੍ਹਾ ਪੱਧਰ ਦੇ ਟੈਸਟ ਲਈ ਸਕੂਲ ਲੈਬਜ਼ ਦਾ ਚੁਨਾਵ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਪੱਧਰ ਤੇ ਕਰਣਗੇ।

ਨੋਟ:

1. ਈ-ਲੈਬ ਦੇ ਇੱਕ ਹੀ ਸੀ.ਪੀ.ਯੂ.(ਸਰਵਰ) ਉੱਪਰ ਇਹ ਸਾਫਟਵੇਅਰ ਇੰਸਟਾੱਲ ਕੀਤਾ ਜਾਵੇ ਜਿਸ ਉੱਪਰ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
2. ਪ੍ਰਸ਼ਨਾਵਲੀ ਡਾਊਨਲੋਡ ਅਤੇ ਰਿਜ਼ਲਟ ਅਪਲੋਡ ਕਰਨ ਵੇਲੇ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
3. ਧਿਆਨ ਦੇਣ ਯੋਗ ਗੱਲ ਹੈ ਕਿ ਅਪਲੋਡ ਬਟਨ ਤੇ ਇੱਕੋ ਵਾਰੀ ਹੀ ਕਲਿੱਕ ਕੀਤਾ ਜਾ ਸਕਦਾ ਹੈ।ਇਸ ਲਈ ਹਦਾਇਤ ਕੀਤੀ ਜਾਂਦੀ ਹੈ ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਉਪਰੰਤ ਹੀ ਅਪਲੋਡ ਬਟਨ ਤੇ ਕਲਿੱਕ ਕੀਤਾ ਜਾਵੇਗਾ।